ਡਿਜੀਟਲ ਦੋਮਾਹੀ ਪੱਤਰ ਅੰਕ: 4, ਨੰ: 1 (ਜਨਵਰੀ- ਫ਼ਰਵਰੀ, 2024)

www.gadvasu.in

# ਪਸ਼ੂ ਪਾਲਣ ਸੁਨੇਹੇ



## ਗੁਰੂ ਅੰਗਦ ਦੇਵ ਵੈਟਨਰੀ ਅਤੇ ਐਨੀਮਲ ਸਾਇੰਸਜ਼ ਯੂਨੀਵਰਸਿਟੀ, ਲੁਧਿਆਣਾ (ਪੰਜਾਬ)

'PASHU PALAN SUNEHE'

Vol. 4 No. 1 (January- February, 2024)

**ਸੰਪਾਦਕੀ ਬੋਰਡ**

**ਚੇਅਰਮੈਨ**
ਡਾ. ਪਰਕਾਸ਼ ਸਿੰਘ ਬਰਾੜ
(ਨਿਰਦੇਸ਼ਕ ਪਸਾਰ ਸਿੱਖਿਆ)

**ਮੈਂਬਰ**
ਡਾ. ਮੀਰਾ ਡੀ. ਆਂਸਲ
ਡਾ. ਜਸਪਾਲ ਸਿੰਘ ਹੁੰਦਲ
ਡਾ. ਹਰਕੀਰਤ ਸਿੰਘ
ਡਾ. ਇੰਦਰਪ੍ਰੀਤ ਕੌਰ

**ਸੰਪਾਦਕ**
ਡਾ. ਰਾਕੇਸ਼ ਕੁਮਾਰ ਸ਼ਰਮਾ
ਡਾ. ਜਸਵਿੰਦਰ ਸਿੰਘ

**ਸੰਪਰਕ**
ਨਿਰਦੇਸ਼ਾਲਾ ਪਸਾਰ ਸਿੱਖਿਆ
ਗੁਰੂ ਅੰਗਦ ਦੇਵ ਵੈਟਨਰੀ
ਐਂਡ ਐਨੀਮਲ ਸਾਇੰਸਜ਼
ਯੂਨੀਵਰਸਿਟੀ, ਲੁਧਿਆਣਾ
0161-2553364
deegadvasuldh@gmail.com

**ਯੂਟਿਊਬ ਚੈਨਲ**

SCAN

## ਪਸ਼ੂ ਪਾਲਣ ਅਤੇ ਤਕਨਾਲੋਜੀ

ਪਸ਼ੂ ਪਾਲਕ ਸਾਥੀਓ

ਸਾਡੇ ਆਸ-ਪਾਸ ਦੁਨੀਆਂ ਬੜੀ ਤੇਜ਼ੀ ਨਾਲ ਬਦਲ ਰਹੀ ਹੈ। ਵਿਸ਼ਵੀਕਰਨ ਦੇ ਨਾਲ ਲੋਕਾਂ ਦੇ ਖਾਣ-ਪੀਣ ਦੀਆਂ ਆਦਤਾਂ ਵਿੱਚ ਵੀ ਬਦਲਾਅ ਆ ਰਿਹਾ ਹੈ। ਬਜ਼ਾਰ ਵਿੱਚ ਅਨਾਜ ਤੋਂ ਬਣੇ ਉਤਪਾਦਾਂ ਦੀ ਜਗ੍ਹਾ ਵਿਸ਼ੇਸ਼ ਕਿਸਮਾਂ ਦੇ ਭੋਜਨਾਂ ਨੇ ਲੈ ਲਈ ਹੈ ਜਿਹਨਾਂ ਵਿੱਚ ਫ਼ਲ, ਪਸ਼ੂ ਉਤਪਾਦ ਅਤੇ ਇਹਨਾਂ ਦੀ ਪ੍ਰੋਸੈੱਸਿੰਗ ਨਾਲ ਬਣੇ ਭੋਜਨ ਪਦਾਰਥ ਸ਼ਾਮਿਲ ਹਨ। ਦਿਨੋਂ- ਦਿਨ ਇਹਨਾਂ ਪਦਾਰਥਾਂ ਦੀ ਮੰਗ ਵਿੱਚ ਵੀ ਇਜ਼ਾਫ਼ਾ ਹੋ ਰਿਹਾ ਹੈ। ਪਰ ਗਾਹਕ ਇਹਨਾਂ ਪਦਾਰਥਾਂ ਦੇ ਮਿਆਰ ਪ੍ਰਤੀ ਵੀ ਸੁਚੇਤ ਹੋ ਰਹੇ ਹਨ। ਇਸਲਈ ਪਸ਼ੂ ਉਤਪਾਦਾਂ ਦੀ ਮਾਤਰਾ ਅਤੇ ਮਿਆਰ, ਦੋਨਾਂ ਪੱਖਾਂ ਲਈ ਆਉਣ ਵਾਲੇ ਸਮੇਂ ਵਿੱਚ ਪਸ਼ੂ ਪਾਲਕਾਂ ਨੂੰ ਤਿਆਰ ਰਹਿਣਾ ਪਵੇਗਾ। ਇਹ ਤਾਂ ਹੀ ਸੰਭਵ ਹੋ ਸਕੇਗਾ ਜੇਕਰ ਪਸ਼ੂ ਪਾਲਕ ਸਮੇਂ ਦੀ ਮੰਗ ਨੂੰ ਮੁੱਖ ਰੱਖ ਕੇ ਪ੍ਰੋਸੈੱਸਿੰਗ ਦੀ ਚੰਗੀ ਸਿਖਲਾਈ ਲੈਣਗੇ ਅਤੇ ਨਵੀਂਆਂ ਤਕਨੀਕਾਂ ਨੂੰ ਫ਼ਾਰਮ ਦੀ ਲੋੜ ਮੁਤਾਬਿਕ ਅਪਨਾਉਣਗੇ।

ਮੌਸਮ ਦੇ ਬਦਲਾਅ ਦੇ ਨਾਲ ਪਸ਼ੂਆਂ ਵਿੱਚ ਕਈ ਬਿਮਾਰੀਆਂ ਲੱਗ ਸਕਦੀਆਂ ਹਨ ਜਿਹਨਾਂ ਵਿੱਚੋਂ ਪਰਜੀਵੀਆਂ ਕਰਕੇ ਹੋਣ ਵਾਲੀਆਂ ਬਿਮਾਰੀਆਂ ਪ੍ਰਮੁੱਖ ਹਨ। ਪਰਜੀਵੀਆਂ ਕਾਰਨ ਹੋਣ ਵਾਲੀਆਂ ਬਿਮਾਰੀਆਂ ਨੂੰ ਰੋਕਣ ਲਈ ਪਸ਼ੂਆਂ ਦੇ ਢਾਰਿਆਂ ਦੀ ਸਫ਼ਾਈ ਅਤੇ ਇਹਨਾਂ ਨੂੰ ਪਰਜੀਵੀ ਰਹਿਤ ਕਰਨ ਲਈ ਸਿਫ਼ਾਰਿਸ਼ ਰਸਾਇਣਾਂ ਦੀ ਵਰਤੋਂ ਕੀਤੀ ਜਾ ਸਕਦੀ ਹੈ। ਇਸ ਦੇ ਨਾਲ ਪਸ਼ੂ ਦੀ ਖੁਰਾਕ ਵੱਲ ਵਿਸ਼ੇਸ਼ ਧਿਆਨ ਦੇਣਾ ਚਾਹੀਦਾ ਹੈ।

ਫ਼ਰਵਰੀ ਮਹੀਨੇ ਵਿੱਚ ਪਸ਼ੂ ਪਾਲਕਾਂ ਨੂੰ ਸਾਉਣੀ ਦੇ ਚਾਰਿਆਂ ਦੀ ਬਿਜਾਈ ਦਾ ਪ੍ਰਬੰਧ ਕਰ ਲੈਣਾ ਚਾਹੀਦਾ ਹੈ। ਜੇਕਰ ਬਰਸੀਮ ਦੀ ਫ਼ਸਲ ਦੀ ਬਹੁਤਾਤ ਹੋਵੇ ਤਾਂ ਇਸ ਦਾ ਹੇਅ ਬਣਾਇਆ ਜਾ ਸਕਦਾ ਹੈ ਜਿਹੜਾ ਆਉਣ ਵਾਲੇ ਮਹੀਨਿਆਂ ਵਿੱਚ ਗੈਰ-ਫ਼ਲੀਦਾਰ ਚਾਰਿਆਂ ਦੇ ਨਾਲ ਮਿਲਾ ਕੇ ਪਾਉਣ 'ਤੇ ਪਸ਼ੂਆਂ ਦੀ ਖੁਰਾਕ ਦਾ ਸੰਤੁਲਨ ਵਧਾਉਂਦਾ ਹੈ। ਮਿਸ਼ਰਿਤ ਚਾਰਿਆਂ ਦੀ ਕਾਸ਼ਤ ਵੀ ਇਸੇ ਦਿਸ਼ਾ ਵਿੱਚ ਇੱਕ ਵਧੀਆ ਵਿਕਲਪ ਹੈ। (ਸੰਪਾਦਕ)

## ਅਗਾਂਹਵਧੂ ਪਸ਼ੂ ਪਾਲਕਾਂ ਲਈ ਮੁੱਖ-ਮੰਤਰੀ ਪੁਰਸਕਾਰ ਦਾ ਐਲਾਨ

ਗੁਰੂ ਅੰਗਦ ਦੇਵ ਵੈਟਨਰੀ ਅਤੇ ਐਨੀਮਲ ਸਾਇੰਸਜ਼ ਯੂਨੀਵਰਸਿਟੀ, ਲੁਧਿਆਣਾ ਵੱਲੋਂ ਮਾਰਚ ਮਹੀਨੇ ਮੱਝਾਂ ਪਾਲਣ, ਮੱਛੀ ਪਾਲਣ, ਸੂਰ ਪਾਲਣ ਅਤੇ ਬੱਕਰੀ ਪਾਲਣ ਦੇ ਖੇਤਰ ਵਿੱਚ ਅਗਾਂਹਵਧੂ ਪਸ਼ੂ ਪਾਲਕਾਂ ਨੂੰ ਮੁੱਖ ਮੰਤਰੀ ਪੁਰਸਕਾਰ ਨਾਲ ਸਨਮਾਨਿਤ ਕੀਤਾ ਜਾਵੇਗਾ। ਇਸ ਸਬੰਧ ਵਿੱਚ ਪਸ਼ੂ ਪਾਲਕਾਂ ਪਾਸੋਂ 31 ਜਨਵਰੀ 2024 ਤੱਕ ਅਰਜ਼ੀਆਂ ਦੀ ਮੰਗ ਕੀਤੀ ਗਈ ਹੈ। ਪਸ਼ੂ ਪਾਲਕ ਯੂਨੀਵਰਸਿਟੀ ਦੀ ਵੈੱਬਸਾਈਟ ਤੋਂ ਅਰਜ਼ੀ ਫ਼ਾਰਮ ਡਾਊਨਲੋਡ ਕਰਕੇ ਇਹਨਾਂ ਨੂੰ ਹਰ ਪੱਖੋਂ ਭਰਨ ਉਪਰੰਤ ਨਿਰਦੇਸ਼ਕ ਪਸਾਰ ਸਿੱਖਿਆ ਦੇ ਦਫ਼ਤਰ ਵਿੱਚ ਕਿਸੇ ਵੀ ਕੰਮ- ਕਾਜ ਵਾਲੇ ਦਿਨ ਜਮ੍ਹਾਂ ਕਰਵਾ ਸਕਦੇ ਹਨ।

ਪੁਰਸਕਾਰ ਲਈ ਬਿਨੈ ਪੱਤਰ ਦਾ ਨਮੂਨਾ ਹੇਠ ਦਿੱਤੇ ਲਿੰਕ ’ਤੇ ਉਪਲਬਧ ਹੈ:

https://www.gadvasu.in/notices/8418






## ਪਸ਼ੂ ਪਾਲਕਾਂ ਅਤੇ ਉੱਦਮੀਆਂ ਲਈ ਇਨਕੂਬੇਸ਼ਨ ਕੇਂਦਰ ਦੀ ਸਿਰਜਣਾ

ਗੁਰੂ ਅੰਗਦ ਦੇਵ ਵੈਟਨਰੀ ਅਤੇ ਐਨੀਮਲ ਸਾਇੰਸਜ਼ ਯੂਨੀਵਰਸਿਟੀ ਵੱਲੋਂ ਪੰਜਾਬ ਦਾ ਪਹਿਲਾ ਡੇਅਰੀ ਅਧਾਰਿਤ ‘ਇਨਕਲੂਜ਼ਿਵ ਟੈਕਨਾਲੋਜੀ ਬਿਜ਼ਨਸ ਇਨਕੂਬੇਸ਼ਨ ਕੇਂਦਰ’ ਦੇ ਨਿਰਮਾਣ ਦੀਆਂ ਤਿਆਰੀਆਂ ਕੀਤੀਆਂ ਜਾ ਰਹੀਆਂ ਹਨ। ਯੂਨੀਵਰਸਿਟੀ ਵੱਲੋਂ ਇਹ ਕੇਂਦਰ ਸਾਇੰਸ ਅਤੇ ਤਕਨਾਲੋਜੀ ਵਿਭਾਗ ਵੱਲੋਂ 4.23 ਕਰੋੜ ਦੀ ਵਿੱਤੀ ਮਦਦ ਨਾਲ ਤਿਆਰ ਕੀਤਾ ਜਾਵੇਗਾ। ਡਾ. ਇੰਦਰਜੀਤ ਸਿੰਘ, ਉਪ-ਕੁਲਪਤੀ ਨੇ ਦੱਸਿਆ ਕਿ ਇਹ ਕੇਂਦਰ ਪਸ਼ੂਧਨ ਨਾਲ ਸਬੰਧਤ ਹੁਨਰ ਵਿਕਾਸ ਅਤੇ ਰੋਜ਼ਗਾਰ ਲਈ ਮੀਲ ਪੱਥਰ ਸਾਬਿਤ ਹੋਵੇਗਾ। ਇਸ ਕੇਂਦਰ ਰਾਹੀਂ ਪਸ਼ੂ ਪਾਲਕ ਅਤੇ ਉਤਪਾਦਕ ਨਵੀਂਆਂ ਤਕਨੀਕਾਂ ਦੇ ਰੂਬਰੂ ਹੋਣਗੇ ਅਤੇ ਦੁੱਧ ਦੇ ਮੁੱਲ-ਵਾਧੇ ਲਈ ਇਸ ਕੇਂਦਰ ਵਿੱਚ ਉਤਪਾਦ ਵੀ ਤਿਆਰ ਕਰ ਸਕਣਗੇ।






ਗੁਰੂ ਅੰਗਦ ਦੇਵ ਵੈਟਨਰੀ ਅਤੇ ਐਨੀਮਲ ਸਾਇੰਸਜ਼ ਯੂਨੀਵਰਸਿਟੀ, ਲੁਧਿਆਣਾ

## ਅਗਾਂਹਵਧੂ ਪਸ਼ੂ ਪਾਲਕਾਂ ਲਈ
# ਮੁੱਖ ਮੰਤਰੀ ਪੁਰਸਕਾਰ

ਪੁਰਸਕਾਰ ਲਈ ਸ਼੍ਰੇਣੀਆਂ ਅਤੇ ਇਨਾਮ



**ਮੱਝ ਪਾਲਕ**
ਸਨਮਾਨ ਪੱਤਰ, ਸਰਟੀਫ਼ਿਕੇਟ,
ਸ਼ਾਲ ਅਤੇ ਨਕਦ ਇਨਾਮ ਰੁ. 21,000/-



**ਮੱਛੀ ਪਾਲਕ**
ਸਨਮਾਨ ਪੱਤਰ, ਸਰਟੀਫ਼ਿਕੇਟ,
ਸ਼ਾਲ ਅਤੇ ਨਕਦ ਇਨਾਮ ਰੁ. 11,000/-



**ਸੂਰ ਪਾਲਕ**
ਸਨਮਾਨ ਪੱਤਰ, ਸਰਟੀਫ਼ਿਕੇਟ,
ਸ਼ਾਲ ਅਤੇ ਨਕਦ ਇਨਾਮ ਰੁ. 5,100/-



**ਬੱਕਰੀ ਪਾਲਕ**
ਸਨਮਾਨ ਪੱਤਰ, ਸਰਟੀਫ਼ਿਕੇਟ,
ਸ਼ਾਲ ਅਤੇ ਨਕਦ ਇਨਾਮ ਰੁ. 5,100/-

**ਪਸ਼ੂ ਪਾਲਣ ਮੇਲਾ**
ਮਾਰਚ 14-15, 2024

ਅਰਜ਼ੀ ਜਮ੍ਹਾ ਕਰਾਉਣ ਦੀ ਆਖ਼ਿਰੀ ਮਿਤੀ
**31 ਜਨਵਰੀ 2024**

ਵਧੇਰੇ ਜਾਣਕਾਰੀ ਲਈ ਸੰਪਰਕ ਕਰੋ
ਪਸਾਰ ਸਿੱਖਿਆ ਨਿਰਦੇਸ਼ਾਲਾ, 62832-97919, 0161-2414026



# ਜਦੋਂ ਕੱਕਰ ਵਰੇ- ਫਿਰ ਪਸ਼ੂ ਪਾਲਕ ਕੀ ਕਰੇ ।

▪ ਲਵੇਰਿਆ ਦਾ ਸ਼ਰੀਰਕ ਤਾਪਮਾਨ 99.5- 101.5 °F ( 38±0.5°C) ਤੱਕ ਹੁੰਦਾ ਹੈ। ਜਿਵੇਂ- ਜਿਵੇਂ ਤਾਪਮਾਨ 32°F(0°C) ਵੱਲ ਜਾਦਾਂ ਹੈ ਤਾਂ ਬਾਲਗ ਪਸ਼ੂ ਠੰਡ ਦੇ ਦਬਾਅ ਵਿੱਚ ਆਉਦਾਂ ਜਾਂਦਾ ਹੈ। ਝੋਟੀਆਂ – ਵਹਿੜਾਂ ਜਿਆਦਾ ਠੰਡ ਮੰਨਦੀਆਂ ਹਨ।

▪ ਆਮ ਕਰਕੇ ਪਸ਼ੂਆਂ ਦੇ ਠੰਡ ਦੇ ਮੋਸਮ ਤੋਂ ਪਹਿਲਾ ਵਾਲ ਵੱਧ ਜਾਦੇ ਹਨ।ਤੰਦਰੁਸਤਪਸ਼ੂ ਦੀ ਚਮੜੀ ਦੀ ਮੋਟਾਈ ਵੀ ਠੰਡ ਤੋਂ ਬਚਾਓਂਦੀ ਹੈ। ਪਸ਼ੂ ਅੰਦਰੂਨੀ ਪ੍ਰਕਿਰਿਆਵਾਂ ਵਧਾ ਲੈਦਾਂ ਹੈ ਤਾਂ ਕਿ ਅੰਦਰੂਨੀ ਤਾਪ ਰਾਹੀ ਸਰੀਰ ਨੂੰ ਨਿੱਘਾ ਰੱਖਿਆ ਜਾ ਸਕੇ।

▪ ਪਸ਼ੂ ਨੂੰ ਸੁੱਕਾ ਰੱਖੋ,ਪਸ਼ੂ ਦੇ ਪਿੰਡੇ ਤੇ ਲੱਗਿਆ ਗਿੱਲਾ ਗੋਹਾ–ਚਿੱਕੜ ਆਦਿ ਪਰਾਲੀ ਜਾਂ ਬੋਰੀ ਨਾਲ ਰਗੜ ਕੇ ਹਟਾ ਦਿਓ ਕਿਉਕਿ ਗਿੱਲੀ ਚਮੜੀ ਠੰਡ ਦੇ ਪ੍ਰਕੋਪ ਨੂੰ ਹੋਰ ਵਧਾਂਉਦੀ ਹੈ।

▪ ਪਸ਼ੂਆਂ ਖਾਸ ਕਰਕੇ ਸੂਣ ਨੇੜੇ ਢੁੱਕੇ ਪਸ਼ੂਆਂ/ਕੱਟੜੂਆਂ–ਵੱਛੜੂਆਂ ਤੇ ਲੋੜ ਅਨੁਸਾਰ ਝੁੱਲ਼ ਪਾਇਆ ਜਾ ਸਕਦਾ ਹੈ।

▪ਪਸ਼ੂ ਸਬਾਤਾਂ ਨੂੰ ਪੱਲੀਆਂ ਲਗਾ ਕੇ ਨਿੱਘਾ ਰੱਖੋ, ਛੱਤ ਵਾਲੇ ਪਾਸੋ ਥੋੜੀ ਜਗ੍ਹਾ ਛੱਡ ਦਿਉ ਤਾਂ ਜੋ ਗੈਸਾਂ ਬਾਹਰ ਨਿਕਲ ਸਕਣ।

▪ਪਸ਼ੂਆਂ ਨੂੰ ਤਾਜ਼ਾ ਤੇ ਕੋਸਾ ਪਾਣੀ ਦਿਉ ਕਿਉਕਿ ਪਸ਼ੂ ਹੋਂਦ ਦੇ ਠੰਡੇ ਪਾਣੀ ( 5 °C ਤੋਂ ਥੱਲੇ) ਨੂੰ ਪੀਣਾ ਪਸੰਦ ਨਹੀ ਕਰਦੇ।

ਡਾ. ਜਸਵਿੰਦਰ ਸਿੰਘ

# ਸਵਾਈਨ ਫ਼ਲੂ

## ਸਵਾਈਨ ਫਲੂ ਕੀ ਹੈ?

ਸਵਾਈਨ ਫਲੂ, ਸਵਾਈਨ ਇਨਫਲੂਐਨਜ਼ਾ ਬਿਮਾਰੀ ਦਾ ਇੱਕ ਆਮ ਨਾਮ ਹੈ। ਇਹ ਇੱਕ ਸਾਹ ਦੀ ਬਿਮਾਰੀ ਹੈ ਜੋ ਸੂਰਾਂ ਨੂੰ ਪ੍ਰਭਾਵਿਤ ਕਰਦੀ ਹੈ ਅਤੇ ਇਹ ਇਨਫਲੂਐਨਜ਼ਾ ਵਾਇਰਸ (ਟਾਈਪ ਏ), ਖਾਸ ਕਰਕੇ ਸਵਾਈਨ ਫਲੂ ਵਾਇਰਸ 1'1, 1'2 ਆਦਿ ਕਾਰਨ ਹੁੰਦੀ ਹੈ। ਗੰਭੀਰ ਬਿਮਾਰੀ ਫੈਲਣ ਕਰਕੇ ਸੂਰਾਂ ਵਿੱਚ ਵਿਕਾਸ ਦਰ ਘਟਣ ਕਾਰਨ ਆਰਥਿਕ ਨੁਕਸਾਨ ਹੋ ਸਕਦਾ ਹੈ। ਸਵਾਈਨ ਫਲੂ ਦੇ ਲੱਛਣਾਂ ਵਿੱਚ ਬੁਖਾਰ, ਸੁਸਤੀ, ਭੁੱਖ ਨਾ ਲੱਗਣੀ , ਭਾਰ ਘਟਣਾ, ਖੰਘ, ਛਿੱਕਾਂ ਆਉਣੀਆਂ , ਨੱਕ ਅਤੇ ਅੱਖਾਂ ਵਿੱਚੋ ਪਾਣੀ ਵਗਣਾ , ਅੱਖਾਂ ਦੀ ਸੋਜ , ਅਤੇ ਸਾਹ ਲੈਣ ਵਿੱਚ ਪ੍ਰੇਸ਼ਾਨੀ ਆਦਿ ਹੋ ਸਕਦੇ ਹਨ। ਖੰਘ ਦੀ ਸ਼ੁਰੂਆਤ ਅਕਸਰ ਬੁਖ਼ਾਰ ਘਟਣ ਵੇਲੇ ਹੁੰਦੀ ਹੈ। ਇਸ ਬਿਮਾਰੀ ਕਰਕੇ ਕੁਝ ਸੂਰੀਆਂ ਤੂ ਵੀ ਸਕਦੀਆਂ ਹਨ। ਹੋਰ ਲਾਗ ਦੀ ਬਿਮਾਰੀ ਜਾਂ ਦਬਾਅ ਹੋਣ ਦੀ ਸੂਰਤ ਵਿੱਚ ਇਸ ਬਿਮਾਰੀ ਦਾ ਪ੍ਰਕੋਪ ਜਿਆਦਾ ਹੋ ਸਕਦਾ ਹੈ।

## ਬਿਮਾਰੀ ਕਿਵੇਂ ਫੈਲਦੀ ਹੈ ?

ਇਹ ਬਿਮਾਰੀ ਰੋਗ ਪ੍ਰਭਾਵਿਤ ਸੂਰਾਂ ਜਾਂ ਦੂਸ਼ਿਤ ਵਸਤੂਆਂ (ਜਿਵੇਂ ਕਿ ਖੁਰਲੀ , ਪਾਣੀ ਵਾਲੇ ਨਿਪਲ ਅਤੇ ਹੋਰ ਫਾਰਮ ਉਪਕਰਣ ) ਨਾਲ ਸਿੱਧੇ ਸੰਪਰਕ ਵਿੱਚ ਆਉਣ ਕਰਕੇ ਹੁੰਦੀ ਹੈ । ਫਾਰਮ ਬਾਇਓਸਕਿਉਰਿਟੀ ( ਜੀਵ ਸੁਰੱਖਿਆ ਪ੍ਰਬੰਧ) ਦੀ ਘਾਟ ਜਾਂ ਮਾੜਾ ਪੱਧਰ ਇਸ ਬਿਮਾਰੀ ਦੇ ਫੈਲਣ ਦੇ ਜੋਖਮ ਨੂੰ ਵਧਾਉਂਦੇ ਹਨ।

## ਕੀ ਇਹ ਬਿਮਾਰੀ ਮਨੁੱਖਾਂ ਨੂੰ ਹੋ ਸਕਦੀ ਹੈ?

ਸਵਾਈਨ ਫਲੂ ਦੇ ਵਾਇਰਸ ਨਾਲ ਮਨੁੱਖਾਂ ਵਿੱਚ ਬਿਮਾਰੀ ਹੋਣ ਦੀ ਸੰਭਾਵਨਾ ਬਹੁਤ ਘੱਟ ਹੁੰਦੀ ਹੈ। ਮਨੁੱਖਾਂ ਵਿੱਚ ਇਹ ਬਿਮਾਰੀ ਰੋਗ ਪ੍ਰਭਾਵਿਤ ਸੂਰਾਂ ਜਾਂ ਦੂਸ਼ਿਤ ਮੀਟ ਦੇ ਸਿੱਧੇ ਸੰਪਰਕ ਵਿੱਚ ਆਉਣ ਨਾਲ ਹੋ ਸਕਦੀ ਹੈ। ਸਾਹ ਰਾਹੀਂ ਵੀ ਬਿਮਾਰੀ ਦਾ ਵਾਇਰਸ ਮਨੁੱਖ ਅੰਦਰ ਪ੍ਰਵੇਸ਼ ਕਰ ਸਕਦਾ ਹੈ। ਮਨੁੱਖ ਤੋਂ ਮਨੁੱਖ ਨੂੰ ਬਿਮਾਰੀ ਲੱਗਣ ਦੀ ਸੰਭਾਵਨਾ ਅਤੇ ਸੂਰ ਦੇ ਮੀਟ ਜਾਂ ਹੋਰ ਮੀਟ ਪਦਾਰਥ ਖਾਣ ਨਾਲ ਇਸ ਬਿਮਾਰੀ ਹੋਣ ਦੀ ਸੰਭਾਵਨਾ ਬਹੁਤ ਘੱਟ ਹੈ। ਮਨੁੱਖਾਂ ਵਿੱਚ ਇਸ ਬਿਮਾਰੀ ਦੇ ਲੱਛਣਾ ਵਿੱਚ ਬੁਖਾਰ, ਠੰਢ, ਖੰਘ, ਗਲੇ ਵਿੱਚ ਖਰਾਸ਼, ਨੱਕ ਵਿੱਚੋ ਪਾਣੀ ਵਗਣਾ , ਅੱਖਾਂ ਵਿੱਚ ਲਾਲੀ ਆਉਣੀ , ਸਰੀਰ ਵਿੱਚ ਦਰਦ, ਸਿਰ ਦਰਦ, ਥਕਾਵਟ, ਦਸਤ, ਅਤੇ ਉਲਟੀਆਂ ਆਦਿ ਹੁੰਦੇ ਹਨ।

## ਸੂਰ ਪਾਲਕਾਂ ਲਈ ਸਵਾਈਨ ਫਲੂ ਨੂੰ ਰੋਕਣ ਲਈ ਦਿਸ਼ਾ-ਨਿਰਦੇਸ਼:

ਤੁਰੰਤ ਸੂਚਿਤ ਕਰਨਾ : ਸੂਰ ਫਾਰਮ ਤੇ ਕੰਮ ਕਰਨ ਵਾਲੇ ਸਾਰੇ ਕਾਮਿਆਂ ਨੂੰ ਉਤਸ਼ਾਹਿਤ ਕਰੋ, ਕਿ ਜੇਕਰ ਉਨ੍ਹਾਂ ਜਾਂ ਜਾਨਵਰਾਂ ਵਿੱਚ ਫਲੂ ਵਰਗੇ ਲੱਛਣ ਪੈਦਾ ਹੁੰਦੇ ਹਨ ਤਾਂ ਮਾਲਕ ਨੂੰ ਤੁਰੰਤ ਸੂਚਿਤ ਕਰਨ। ਸੂਰ ਪਾਲਕ ਅੱਗੇ ਸੰਬੰਧਿਤ ਅਧਿਕਾਰੀ ਨੂੰ ਸੂਚਿਤ ਕਰੇ।

ਆਵਾਜਾਈ (ਵਿਜ਼ਟਰ) ਕੰਟਰੋਲ: ਬਿਮਾਰੀ ਫੈਲਣ ਦੇ ਜੋਖਮ ਨੂੰ ਘਟਾਉਣ ਲਈ ਫਾਰਮ ਵਿੱਚ ਬੇਲੋੜੀਆਂ ਮੁਲਾਕਾਤਾਂ ਅਤੇ ਹੋਰ ਆਵਾਜਾਈ ਨੂੰ ਘੱਟ ਤੋਂ ਘੱਟ ਕਰੋ।

ਫਾਰਮ ਦੀ ਸਾਫ ਸਫਾਈ: ਪਾਣੀ ਅਤੇ ਕੀਟਾਣੂਨਾਸ਼ਕ ਜਿਵੇਂ ਕਿ ਪੋਟਾਸ਼ੀਅਮ ਪਰਮੇਂਗਨੇਟ, ਸੋਡੀਅਮ ਹਾਈਡ੍ਰੋਕਸਾਈਡ, ਸੋਡੀਅਮ ਜਾਂ ਕੈਲਸ਼ੀਅਮ ਹਾਈਪੋਕਲੋਰਾਈਟ, ਲਾਇਸੋਲ, ਵਾਇਰੋਕਸ, ਜਾਂ ਫੈਂਟਾਸਟਿਕ ਦੀ ਵਰਤੋਂ ਕਰਕੇ ਫ਼ਾਰਮ ਨੂੰ ਨਿਯਮਤ ਤੌਰ 'ਤੇ ਸਾਫ਼ ਕਰੋ। ਮੁੱਖ ਗੇਟ 'ਤੇ ਕੀਟਾਣੂਨਾਸ਼ਕ ਘੋਲ ਵਾਲੇ ਕੁੰਡ ਦੀ ਵਿਵਸਥਾ ਕਰਕੇ ਪ੍ਰਵੇਸ਼/ਨਿਕਾਸ 'ਤੇ ਪੈਰਾਂ ਦੀ ਡੁਬਕੀ ਨੂੰ ਯਕੀਨੀ ਬਣਾਓ। ਜਦੋਂ ਫ਼ਾਰਮ ਵਿੱਚ ਸਵਾਈਨ ਫਲੂ ਦਾ ਸ਼ੱਕ ਹੋਵੇ , ਤਾਂ ਬਿਮਾਰ ਜਾਨਵਰਾਂ ਦੇ ਸੰਪਰਕ ਵਿੱਚ ਆਉਣ ਵਾਲੇ ਕਰਮਚਾਰੀਆਂ ਨੂੰ ਸੁਰੱਖਿਆ ਉਪਕਰਨਾਂ ਦੀ ਵਰਤੋਂ ਕਰਨੀ ਚਾਹੀਦੀ ਹੈ, ਜਿਵੇਂ ਸਰਜੀਕਲ ਮਾਸਕ ( ਤਰਜੀਹੀ ਤੌਰ 'ਤੇ P2/N95 ਮਾਸਕ) , ਐਨਕਾਂ , ਟੋਪੀ , ਅਤੇ ਦਸਤਾਨੇ ਆਦਿ ।

# ਨਵੇਂ ਸਾਲ ਦੀ ਨਵੀਂ ਸ਼ੁਰੂਆਤ- ਮੱਛੀ ਪਾਲਣ ਦੇ ਨਾਲ ਮੱਛੀ ਖਪਤ ਵੱਲ ਵੀ ਕਰੀਏ ਧਿਆਨ

- **ਪੰਜਾਬ ਵਿੱਚ ਮੱਛੀ ਪਾਲਣ ਖੇਤਰ** - ਬੜੀ ਤੇਜ਼ੀ ਨਾਲ ਤਰੱਕੀ ਦੀ ਰਾਹ ਤੇ ਅਗਾਂਹ (1.90 ਲੱਖ ਸਲਾਨਾ ਟਨ ਮੱਛੀ ਦੀ ਪੈਦਾਵਾਰ)
- ਕਲਚਰ ਕੀਤੀਆਂ ਜਾਣ ਵਾਲੀਆਂ ਪ੍ਰਮੁੱਖ ਕਿਸਮਾਂ
    - ਕਾਰਪ ਮੱਛੀਆਂ (ਕੰਡੇ ਵਾਲੀ ਕਿਸਮ) - ਪ੍ਰਮੁੱਖ ਤੌਰ ਤੇ ਪਾਲੀ ਜਾਣ ਵਾਲੀ ਕਿਸਮ
    - ਪੰਗਾਸ ਮੱਛੀ (ਕੰਡਾ ਰਹਿਤ, ਉੱਚ ਕੁਆਲਿਟੀ ਕਿਸਮ) - ਤਕਰੀਬਨ ਇੱਕ ਦਹਾਕੇ ਤੋਂ ਪਾਲਣ ਵਜੋਂ ਅਪਣਾਈ ਗਈ

    } **ਤਾਜ਼ੇ ਪਾਣੀ ਦੀਆਂ ਕਿਸਮਾਂ**

    - ਵੈਨਾਮੀ ਝੀਂਗਾ - **ਖਾਰੇ ਪਾਣੀ** (ਦੱਖਣੀ - ਪਛਮੀ ਜਿਲ੍ਹੇ) ਦੀ ਕਿਸਮ

**ਉੱਪਲੱਬਧ ਸਰੋਤਾਂ ਦੀ ਸਹੀ ਵਰਤੋਂ ਨਾਲ - ਪੰਜਾਬ ਆਪਣੇ ਮੱਛੀ ਉਤਪਾਦਨ ਨੂੰ ਦੁਗਣਾ ਕਰਨ ਲਈ ਸਮਰੱਥ**

**ਮਨੁੱਖੀ ਪੋਸ਼ਣ ਅਤੇ ਚੰਗੀ ਸਿਹਤ ਲਈ - ਮੱਛੀ ਦਾ ਹੋਰ ਪਸ਼ੂ ਸਰੋਤਾਂ ਦੇ ਮੁਕਾਬਲੇ ਵਿਲੱਖਣ ਯੋਗਦਾਨ**

- ਪਸ਼ੂ ਸਰੋਤਾਂ ਦੀ ਭੋਜਨ ਸ਼੍ਰੇਣੀ ਵਿੱਚ ਮਨੁੱਖੀ ਪੋਸ਼ਣ ਲਈ ਉੱਚ ਦਰਜੇ ਦਾ ਵਾਲਾ ਵਿਲਖਣ ਸਰੋਤ - **ਜਲ ਜੀਵ - ਮੱਛੀ**
- ਮੱਛੀ ਮਾਸ ਦੀਆਂ ਵਿਸ਼ੇਸ਼ਤਾਂਵਾਂ - **ਅਣਗਿਣਤ**
    - **ਪ੍ਰੋਟੀਨ** - ਸੰਪੂਰਨ ਅਤੇ ਉੱਚ ਕੁਆਲਿਟੀ (ਛੇਤੀ ਹਜ਼ਮ ਹੋਣ ਵਾਲੇ ਜ਼ਰੂਰੀ ਅਮੀਨੋ ਐਸਿਡਾਂ ਨਾਲ ਭਰਪੂਰ)
    - **ਚਰਬੀ** - ਨਿਵੇਕਲੇ ਗੁਣ (ਓਮੇਗਾ-3 ਫੈਟੀ ਐਸਿਡ/Omega-3 Polyunsaturated Fatty Acids/PUFA - EP^ ^qy ਅਤੇ DHA) ਨਾਲ ਭਰਪੂਰ
    - **ਲੋੜੀਂਦੇ ਵਿਟਾਮਿਨ** - A, B6, B12, D ਅਤੇ E) ਅਤੇ **ਲਾਭਕਾਰੀ ਖਣਿਜ** - ਕੈਲਸ਼ੀਅਮ, ਫਾਸਫੋਰਸ, ਆਇਓਡੀਨ, ਜ਼ਿੰਕ, ਆਇਰਨ, ਮੈਗਨੀਸ਼ੀਅਮ, ਪੋਟਾਸ਼ੀਅਮ ਆਦਿ




- **ਵਿਸ਼ਵ ਪੱਧਰ ਤੇ ਕੁੱਲ ਜਲ ਜੀਵ ਉਤਪਾਦਨ - 17.78 ਕਰੋੜ ਟਨ**
- **ਜਲ - ਜੀਵਾਂ ਦੀ ਸਲਾਨਾ ਮਨੁੱਖੀ ਖਪਤ - ਲਗਭਗ 15 ਕਰੋੜ ਟਨ (88.76%)**
- **ਮਨੁੱਖ ਜਾਤੀ ਦੁਆਰਾ ਖਪਤ ਕੀਤੇ ਜਾ ਰਹੇ ਕੁੱਲ ਪਸ਼ੂ ਪ੍ਰੋਟੀਨ ਵਿੱਚ ਜਲ ਜੀਵਾਂ ਦੀ ਹਿੱਸੇਦਾਰੀ ਲਗਭਗ 25%**
- **ਵਿਸ਼ਵ ਸਿਹਤ ਸੰਗਠਨ (World Health Organization/WHO) ਦੀ ਸਿਫਾਰਿਸ਼ ਅਨੁਸਾਰ ਹਰ ਵਿਅਕਤੀ ਲਈ ਪ੍ਰਤੀ ਸਾਲ ਜਲ ਜੀਵ ਖਪਤ ਦੀ ਜਰੂਰਤ -12 ਕਿਲੋ**
- **ਵਿਸ਼ਵ ਦੀ ਪ੍ਰਤੀ ਵਿਅਕਤੀ ਔਸਤ ਸਲਾਨਾ ਜਲ-ਜੀਵ ਖਪਤ - 16 ਕਿਲੋ**
- **ਭਾਰਤ ਵਿੱਚ ਔਸਤ ਸਲਾਨਾ ਜਲ-ਜੀਵ ਖਪਤ - ਸਿਰਫ 7 ਕਿਲੋ**
    - **ਸਮੁੰਦਰੀ ਟਾਪੂਆਂ (ਅੰਡੇਮਾਨ ਨਿਕੋਬਾਰ ਅਤੇ ਲਕਸ਼ਦੀਪ) ਦਾ ਹਰ ਵਸਨੀਕ ਦੁਆਰਾ ਜਲ ਜੀਵ ਖਪਤ - ਪ੍ਰਤੀ ਸਾਲ 75-125 ਕਿਲੋ**
- **ਪੰਜਾਬ ਵਿੱਚ ਪ੍ਰਤੀ ਵਿਅਕਤੀ ਖਪਤ - 0.4% - ਨਿਰਾਸ਼ਾਜਨਕ ਸਥਿਤੀ**

- ਮੱਛੀ ਪਾਲਣ ਦੀਆਂ ਭਰਪੂਰ ਸੰਭਾਵਨਾਵਾਂ ਦੇ ਹੁੰਦੇ ਹੋਏ ਵੀ ਪੰਜਾਬ ਵਿੱਚ ਪ੍ਰਤੀ ਵਿਅਕਤੀ ਖਪਤ ਦਾ 1% ਤੋਂ ਵੀ ਘੱਟ (0.4%) ਹੋਣਾ ਬੜੀ ਨਿਰਾਸ਼ਾਜਨਕ ਸਥਿਤੀ ਦਰਸਾਉਂਦਾ ਹੈ। ਸੋ, ਇਸ ਸਥਿਤੀ ਨੂੰ ਸੁਧਾਰਨ ਲਈ ਉਤਪਾਦਨ ਦੇ ਨਾਲ ਮੱਛੀ ਖਪਤ ਨੂੰ ਵਧਾਉਣਾ ਬਹੁਤ ਜਰੂਰੀ ਹੈ ਅਤੇ ਇਹ ਤਾਂ ਹੀ ਸੰਭਵ ਹੋ ਸਕਦਾ ਹੈ, ਜੇ ਅਸੀ ਸਾਰੇ ਮੱਛੀ ਅਤੇ ਹੋਰ ਜਲ ਜੀਵਾਂ ਨੂੰ ਖਾਣ ਦੇ ਫਾਇਦਿਆਂ ਬਾਰੇ ਜਾਗਰੂਕ ਹੋ ਕੇ ਇਨ੍ਹਾਂ ਨੂੰ ਆਪਣੇ ਰੋਜ਼ਾਨਾ ਦੇ ਭੋਜਨ ਵਿੱਚ ਸ਼ਾਮਲ ਕਰੀਏ।
- ਇਸ ਤਕਨੋਲੋਜੀ ਅਧਾਰਿਤ ਯੁਗ ਵਿੱਚ ਅਤੇ ਅਜੋਕੇ ਸਮੇਂ ਦੀ ਬਹੁਤ ਤੇਜ਼ ਰਫ਼ਤਾਰ ਨਾਲ ਚੱਲ ਰਹੀ ਜਿੰਦਗੀ ਵਿੱਚ ਬੜੇ ਸੁਖਾਂਵੇ ਤਰੀਕਿਆਂ ਨਾਲ ਮੱਛੀ ਨੂੰ ਆਪਣੀ ਖੁਰਾਕ ਵਿੱਚ ਸ਼ਾਮਲ ਕਰਨਾ ਸੰਭਵ।
- ਹਰ ਕਿਸਮ ਦੀ ਮੱਛੀ ਨੂੰ ਪ੍ਰੋਸੈੱਸ ਕਰਕੇ ਪਕਾਣ ਅਤੇ ਖਾਣ ਲਈ ਤਿਆਰ (Ready to cook and Ready to eat) ਵੈਲਯੂ ਐਡਿਡ ਪਦਾਰਥ/ਪਕਵਾਨ (ਫਿਸ਼ ਬਾਲ, ਨਗੇਟ, ਕਟਲੇਟ, ਸੋਸੇਜ, ਮੋਮੋ, ਸਮੋਸਾ ਆਦਿ) ਅਤੇ ਮੱਛੀ ਪ੍ਰੋਟੀਨ ਤੋਂ ਤਿਆਰ ਕੀਤੇ ਕਈ ਤਰਾਂ ਦੇ ਕਾਰਜ਼ਸ਼ੀਲ/ਸਿਹਤ ਭੋਜਨ- Functional/Health Food (ਮੱਛੀ ਪ੍ਰੋਟੀਨ ਯੁਕਤ ਬਿਸਕੁਟ, ਪਾਸਤਾ, ਸੂਪ ਆਦਿ) ਦੀ ਉਪਲੱਬਧੀ।



- ਪੰਜਾਬੀਆਂ ਵਿੱਚ ਮੱਛੀ ਦੀ ਖ਼ਪਤ ਵਧਾਉਣ ਲਈ ਗੁਰੂ ਅੰਗਦ ਦੇਵ ਵੈਟਨਰੀ ਅਤੇ ਐਨੀਮਲ ਸਾਇੰਸਜ਼ ਯੂਨੀਵਰਸਿਟੀ ਦੇ ਫਿਸ਼ਰੀਜ਼ ਕਾਲਜ ਦਾ ਫਿਸ਼ ਪ੍ਰੋਸੈਸਿੰਗ ਟੈਕਨੋਲੋਜੀ ਵਿਭਾਗ ਮੱਛੀ (ਕਾਰਪ ਅਤੇ ਪੰਗਾਸ) ਅਤੇ ਝੀਂਗੇ ਤੋਂ ਕਈ ਤਰਾਂ ਦੇ ਵੈਲਯੂ ਐਡਿਡ ਪਦਾਰਥ ਅਤੇ Functional Food ਤਿਆਰ ਕਰਨ ਅਤੇ ਮੁੱਹਈਆ ਕਰਵਾਉਣ ਵਿੱਚ ਕਾਰਜਸ਼ੀਲ।





**ਵਿਦਿਆਰਥੀਆਂ ਅਤੇ ਚਾਹਵਾਨ ਉੱਦਮੀਆਂ ਲਈ ਮੱਛੀ ਉਤਪਾਦ ਤਿਆਰ ਕਰਕੇ ਮੰਡੀਕਰਣ ਦੇ ਸਿਖਲਾਈ (ਹੱਥੀ ਕੰਮ – Hands on Sessions) ਕੋਰਸ (5 ਦਿਨਾਂ ਟ੍ਰੇਨਿੰਗ) ਅਤੇ ਸ਼ਾਰਟ – short ਕੋਰਸ (1 ਮਹੀਨੇ) ਦੀ ਸਹੂਲਤ**




- ਪੰਜਾਬ ਵਿੱਚ ਮੱਛੀ ਦੀ ਪ੍ਰਤੀ ਵਿਅਕਤੀ ਖਪਤ ਵਧਾਉਣ ਲਈ ਫਿਸ਼ਰੀਜ਼ ਕਾਲਜ ਵਲੋਂ ਵਿਸ਼ੇਸ਼ ਉਪਰਾਲੇ ਤਹਿਤ ਜਾਗਰੂਕਤਾ ਮੁਹਿੰਮ ਜਾਰੀ
    - ਮੱਛੀ (ਕਾਰਪ ਅਤੇ ਪੰਗਾਸ) ਦੇ ਉਤਪਾਦਾਂ ਦਾ ਵਿਕਰੀ ਕੇਂਦਰ ਫਿਸ਼ਰੀਜ਼ ਕਾਲਜ ਵਿਖੇ ਸਥਿਤ
    - ਜਾਗਰੁਕਤਾ ਕੈਂਪ ਅਤੇ ਪ੍ਰਦਰਸ਼ਨੀਆਂ




**ਆਓ ਕਰੀਏ ਨਵੀਂ ਸ਼ੁਰੂਆਤ**
**ਭੋਜਨ ਵਿੱਚ ਕਰਕੇ ਮੱਛੀ ਨੂੰ ਸ਼ਾਮਲ, ਹੋ ਜਾਈਏ ਤੰਦਰੁਸਤ ਅਤੇ ਪਾਈਏ ਰੋਗਾਂ ਤੋਂ ਨਿਜਾਦ**

ਡਾ. ਵਨੀਤਇੰਦਰ ਕੌਰ

## ਜਨਵਰੀ- ਫ਼ਰਵਰੀ ਦੌਰਾਨ ਪਸ਼ੂ ਪਾਲਕਾਂ ਲਈ ਮੁੱਖ ਰੁਝੇਵੇਂ

ਜਨਵਰੀ ਮਹੀਨੇ ਵਿੱਚ ਸਰਦ ਮੌਸਮ ਆਪਣੇ ਸਿਖਰ 'ਤੇ ਪਹੁੰਚ ਜਾਂਦਾ ਹੈ। ਪਸ਼ੂਆਂ ਅਤੇ ਪੰਛੀਆਂ ਨੂੰ ਸਰਦ ਮੌਸਮ ਤੋਂ ਬਚਾਉਣ ਲਈ ਯੋਗ ਪ੍ਰਬੰਧ ਕਰਨੇ ਚਾਹੀਦੇ ਹਨ। ਖਾਸ ਤੌਰ 'ਤੇ ਨਵਜੰਮੇ ਬੱਚਿਆਂ ਦੀ ਦੇਖਭਾਲ ਵੱਲ ਖਾਸ ਧਿਆਨ ਦੇਣਾ ਚਾਹੀਦਾ ਹੈ। ਬੱਚਿਆਂ ਨੂੰ ਸਿਫ਼ਾਰਿਸ਼ਾਂ ਅਨੁਸਾਰ 4 ਮਹੀਨਿਆਂ ਦੀ ਉਮਰ ਤੱਕ ਦੁੱਧ ਪਿਆਉਣਾ ਲਾਜ਼ਮੀ ਹੈ।

### ਡੇਅਰੀ ਫ਼ਾਰਮਿੰਗ

ਪਸ਼ੂਆਂ ਨੂੰ ਦਿਨ ਵੇਲੇ ਧੁੱਪ ਵਿੱਚ ਰੱਖੋ। ਲੋੜ ਅਨੁਸਾਰ ਪਸ਼ੂਆਂ ਉੱਤੇ ਪੱਲੜ ਦਾ ਪ੍ਰਬੰਧ ਵੀ ਕਰੋ।

ਪਸ਼ੂਆਂ ਦੇ ਸ਼ੈੱਡ ਨੂੰ ਬੰਦ ਕਰਨ ਵੇਲੇ ਰੌਸ਼ਨਦਾਨ 'ਤੇ ਹਲਕੇ ਪਰਦੇ ਪਾਉ ਤਾਂ ਕਿ ਸ਼ੈੱਡ 'ਚੋਂ ਹਵਾ ਦਾ ਨਿਕਾਸ ਹੋ ਸਕੇ।

ਸ਼ੈੱਡ ਦੀ ਫ਼ਰਸ਼ 'ਤੇ ਸੁੱਕੀ ਪਰਾਲੀ ਦੀ ਮੋਟੀ ਤੈਅ ਵਿਛਾ ਕੇ ਰੱਖੋ। ਗਿੱਲੀ ਹੋਈ ਪਰਾਲੀ ਨੂੰ ਹਟਾ ਕੇ ਰੂੜੀ ਵਿੱਚ ਮਿਲਾਉ।

### ਬੱਕਰੀ ਪਾਲਣ

ਬੱਕਰੀਆਂ ਦੇ ਵਾੜੇ ਦੀ ਫ਼ਰਸ਼ ਸਾਫ਼ ਅਤੇ ਸੁੱਕੀ ਹੋਣੀ ਚਾਹੀਦੀ ਹੈ। ਫ਼ਰਸ਼ 'ਤੇ ਪਰਾਲੀ ਵਿਛਾ ਕੇ ਰੱਖੋ।

ਇੱਕ ਸਾਲ ਤੋਂ ਵੱਧ ਉਮਰ ਦੀਆਂ ਪੱਠਾਂ ਅਤੇ ਬੱਕਰੀਆਂ ਨੂੰ 250-500 ਗ੍ਰਾਮ ਸੰਤੁਲਿਤ ਖੁਰਾਕ ਅਤੇ ਫ਼ੀਡ ਪਾਉ। ਇਸ ਨਾਲ ਅੰਡ ਕੋਸ਼ ਦਾ ਵਧੀਆ ਵਿਕਾਸ ਹੁੰਦਾ ਹੈ ਅਤੇ ਸੂਣ ਵੇਲੇ ਪੱਠ ਜ਼ਿਆਦਾ ਛੇਲੇ ਦਿੰਦੀ ਹੈ।

ਮਾਦਾ ਬੱਕਰੀਆਂ ਨੂੰ ਫ਼ਰਵਰੀ ਮਹੀਨੇ ਤੋਂ ਤਾਅ ਦੀਆਂ ਨਿਸ਼ਾਨੀਆਂ ਲਈ ਦੇਖੋ।

ਸੂਣ ਵਾਲੀਆਂ ਬੱਕਰੀਆਂ ਨੂੰ ਸੂਣ ਤੋਂ 15 ਦਿਨ ਪਹਿਲਾਂ ਬਾਕੀ ਵੱਗ ਤੋਂ ਅਲੱਗ ਕਰ ਦਿਉ।

### ਮੁਰਗੀ ਪਾਲਣ

ਮੁਰਗੀ ਪਾਲਣ ਸ਼ੁਰੂ ਕਰਨ ਲਈ ਫ਼ਰਵਰੀ ਮਹੀਨਾ ਬਹੁਤ ਢੁਕਵਾਂ ਹੈ।

ਚੂਚਿਆਂ ਨੂੰ ਵਧੀਆ ਢੰਗ ਨਾਲ ਪਾਲਣ ਲਈ ਉਮਰ ਦੇ ਪਹਿਲੇ ਮਹੀਨੇ ਦੌਰਾਨ ਲਗਭਗ 32 ਡਿਗਰੀ ਸੈਲਸੀਅਸ ਤਾਪਮਾਨ ਦੀ ਲੋੜ ਪੈਂਦੀ ਹੈ। ਇਸ ਦੌਰਾਨ ਚੂਚਿਆਂ ਨੂੰ ਪਰਦੇ ਕਰ ਕੇ ਕਮਰੇ/ ਸ਼ੈੱਡ ਵਿੱਚ ਬਰੂਡਰ ਹੇਠਾਂ ਪਾਲਣਾ ਚਾਹੀਦਾ ਹੈ।

ਆਂਡੇ ਦੇਣ ਵਾਲੀਆਂ ਕਿਸਮਾਂ ਦੇ ਚੂਚਿਆਂ ਨੂੰ 0-1 ਹਫ਼ਤੇ ਤੱਕ 24 ਘੰਟੇ, 2-3 ਹਫ਼ਤੇ ਤੱਕ 20 ਘੰਟੇ, 4-12 ਹਫ਼ਤੇ ਤੱਕ 16 ਘੰਟੇ ਰੋਸ਼ਨੀ ਦੇਣ ਦਾ ਪ੍ਰਬੰਧ ਕਰਨਾ ਚਾਹੀਦਾ ਹੈ।

### ਸੂਰ ਪਾਲਣ

ਸੂਰਾਂ ਦੇ ਸ਼ੈੱਡ ਵਿੱਚ ਸਫ਼ਾਈ ਦਾ ਪੂਰਾ ਪ੍ਰਬੰਧ ਕਰੋ। ਲੋੜ ਅਨੁਸਾਰ ਫ਼ਰਸ਼ 'ਤੇ ਪਰਾਲੀ ਵਿਛਾਉ।

ਸੂਰਾਂ ਦੇ ਬੱਚਿਆਂ ਵਾਲੇ ਖਾਨੇ ਵਿੱਚ ਤਕਰੀਬਨ 2 ਫ਼ੁੱਟ 'ਤੇ ਬਲਬ ਲਗਾ ਕੇ ਨਿੱਘ ਬਣਾ ਕੇ ਰੱਖੋ।

### ਮੱਛੀ ਪਾਲਣ

ਜਨਵਰੀ ਦੌਰਾਨ ਤਲਾਅ ਵਿੱਚ ਖਾਦ ਨਾ ਪਾਉ।

ਤਲਾਅ ਦੇ ਆਲੇ ਦੁਆਲੇ ਛਾਂਦਾਰ ਰੁੱਖਾਂ ਦੀ ਛੰਗਾਈ ਕਰੋ।

ਫ਼ਰਵਰੀ ਦੇ ਅਖੀਰਲੇ ਹਫ਼ਤੇ ਮੱਛੀਆਂ ਨੂੰ ਖੁਰਾਕ ਪਾਉਣੀ ਸ਼ੁਰੂ ਕਰੋ।

(ਡਾ. ਜਸਵਿੰਦਰ ਸਿੰਘ, ਡਾ. ਅਰੁਨਬੀਰ ਸਿੰਘ))